**ਪੰਜਾਬ ਸਕੂਲ ਸਿੱਖਿਆ ਬੋਰਡ**

(ਪ੍ਰੀਖਿਆ ਸ਼ਾਖਾ ਬਾਰ੍ਹਵੀਂ)

ਵੱਲ,

ਸਮੂਹ ਸਕੂਲ ਮੁੱਖੀ/ ਪ੍ਰਿੰਸੀਪਲ,
ਸਰਕਾਰੀ, ਅਰਧ-ਸਰਕਾਰੀ, ਐਫੀਲੀਏਟਿਡ ਅਤੇ ਐਸੋਸੀਏਟਿਡ ਆਦਿ ।

ਪੱਤਰਨੰ: ਪਸਸਬ/ਲੇਟਰਸੈੱਟ/ਪ੍ਰੀ-ਬਾਰ੍ਹਵੀਂ/E-210099 ਮਿਤੀ:14/01/2025

**ਵਿਸ਼ਾ: ਅਕਾਦਮਿਕ ਸਾਲ 2024-25 ਲਈ ਸਰਕਾਰੀ, ਅਰਧ-ਸਰਕਾਰੀ, ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲਾਂ ਵਲੋਂ ਲਏ ਜਾਂਦੇ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਟਰਮ ਪ੍ਰੀਖਿਆ ਦੇ ਅੰਕ ਅਤੇ ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ਾਵਾਰ ਅੰਕ ਬੋਰਡ ਪੋਰਟਲ ਤੇ ਅਪਲੋਡ ਕਰਨ ਸਬੰਧੀ ।**

**ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ।**

1. ਵਿਸ਼ਾ ਅੰਕਿਤ ਮਾਮਲੇ ਸਬੰਧੀ ਸਮੂਹ ਸਰਕਾਰੀ, ਅਰਧ-ਸਰਕਾਰੀ, ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਪ੍ਰਿੰਸੀਪਲ/ਮੁਖੀਆਂ ਨੂੰ ਦੱਸਿਆ ਜਾਂਦਾ ਹੈ ਕਿ ਅਕਾਦਮਿਕ ਸਾਲ 2024-25 ਲਈ ਸਕੂਲ ਪੱਧਰ ਤੇ ਕਰਵਾਈ ਗਈ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ Biomonthly Tests, ਟਰਮ ਪ੍ਰੀਖਿਆ ਦੇ ਅੰਕ ਅਤੇ ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ਾਵਾਰ ਅੰਕ ਪਿਛਲੇ ਸੈਸ਼ਨਾਂ ਦੀ ਤਰ੍ਹਾਂ ਦਫਤਰੀ ਰਿਕਾਰਡ ਹਿੱਤ ਲੋੜੀਂਦੇ ਹਨ ।
2. ਇਨ੍ਹਾਂ ਪ੍ਰੀਖਿਆਵਾਂ ਦੇ ਅੰਕ ਬੋਰਡ ਪੋਰਟਲ ਤੇ ਅਪਲੋਡ ਕਰਨ ਲਈ ਮਿਤੀ:01/02/2025 ਤੋਂ ਮਿਤੀ:25/02/2025 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ, ਮਿਥੇ ਸਮੇਂ ਅਨੁਸਾਰ ਪੋਰਟਲ ਤੇ ਅੰਕ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ, ਮਿੱਥੇ ਸਮੇਂ ਤੱਕ ਅੰਕ ਪੋਰਟਲ ਤੇ ਅਪਲੋਡ ਨਾ ਕਰਨ ਦੀ ਸੂਰਤ ਵਿੱਚ ਜ਼ੁਰਮਾਨਾ ਵੀ ਲਗਾਇਆ ਜਾ ਸਕਦਾ ਹੈ । ਇਸਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ।
3. ਉਕਤ ਅਨੁਸਾਰ ਸਬੰਧਤ ਪ੍ਰੀਖਿਆਵਾਂ ਦਾ ਰਿਕਾਰਡ ਸਕੂਲ ਪੱਧਰ ਤੇ ਰੱਖਿਆ ਜਾਵੇ, ਲੋੜ ਪੈਣ ਤੇ ਰਿਕਾਰਡ ਦੀ ਹਾਰਡ ਕਾਪੀ ਮੈਨੂਅਲ ਤੌਰ ਤੇ ਵੀ ਦਫਤਰ ਵਿਖੇ ਪੇਸ਼ ਕਰਨ ਲਈ ਕਿਹਾ ਜਾ ਸਕਦਾ ਹੈ ।

ਉਪਰੋਕਤ ਲੋੜੀਂਦੀ ਕਾਰਵਾਈ ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਪ੍ਰਿੰਸੀਪਲ/ਮੁੱਖੀ ਦੀ ਹੋਵੇਗੀ । ਇਸ ਕਾਰਜ ਨੂੰ ਪਰਮ ਅਗੇਤ ਦਿੱਤੀ ਜਾਵੇ ।

**ਨੋਟ: ਕੰਮ-ਕਾਜ ਵਾਲੇ ਦਿਨ ਸੰਪਰਕ ਕਰਨ ਲਈ ਫੋਨ ਨੰਬਰ;**
**ਪੰਜਵੀ/ਅੱਠਵੀਂ ਸ਼੍ਰੇਣੀ ਲਈ** -01725227310, 01725227227
**ਦਸਵੀਂ ਸ਼੍ਰੇਣੀ ਲਈ** – 01725227284, 01725227290,
**ਬਾਰ੍ਹਵੀਂ ਸ਼੍ਰੇਣੀ ਲਈ**- 01725227319,

ਸੁਪਰਡੰਟ
(ਲੇਟਰ ਸੈੱਟ,ਪ੍ਰੀ-ਬਾਰ੍ਹਵੀਂ)